ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਨੂੰ ਬੜਾ ਵਚਿੱਤਰ ਉਸਤਾਦ ਮਿਲਿਆ ਹੈ, ਤੁਸੀਂ ਉਸ ਦੀ ਸ਼੍ਰੀਮਤ ਤੇ ਚੱਲੋ ਤਾਂ ਡਬਲ ਸਿਰਤਾਜ ਦੇਵਤਾ ਬਣ ਜਾਵੋਗੇ"

ਪ੍ਰਸ਼ਨ:- ਪੜ੍ਹਾਈ ਵਿੱਚ ਕਦੇ ਵੀ ਥਕਾਵਟ ਨਾ ਆਵੇ ਉਸ ਦਾ ਸਹਿਜ ਪੁਰਸ਼ਾਰਥ ਕੀ ਹੈ?

ਉੱਤਰ:- ਪੜ੍ਹਾਈ ਦੇ ਵਿੱਚ ਦੀ ਜੋ ਕਦੇ ਨਿੰਦਾ ਸਤੂਤੀ, ਮਾਨ - ਅਪਮਾਨ ਹੁੰਦਾ ਹੈ, ਉਸ ਵਿੱਚ ਸਥਿਤੀ ਸਮਾਨ ਰਹੇ, ਉਸ ਨੂੰ ਇੱਕ ਖੇਲ ਸਮਝੋ ਤਾਂ ਕਦੇ ਥਕਾਵਟ ਨਹੀਂ ਆਵੇਗੀ। ਸਭ ਤੋਂ ਜਾਸਤੀ ਨਿੰਦਾ ਤਾਂ ਸ਼੍ਰੀਕ੍ਰਿਸ਼ਨ ਦੀ ਹੋਈ ਹੈ, ਕਿੰਨੇ ਕਲੰਕ ਲਗਾਏ ਹਨ, ਫਿਰ ਇਵੇਂ ਸ਼੍ਰੀਕ੍ਰਿਸ਼ਨ ਨੂੰ ਪੂਜਦੇ ਵੀ ਹਨ। ਤਾਂ ਇਹ ਗਾਲੀ ਮਿਲਣਾ ਕੋਈ ਨਵੀਂ ਗੱਲ ਨਹੀਂ ਹੈ ਇਸਲਈ ਪੜ੍ਹਾਈ ਵਿੱਚ ਥਕਣਾ ਨਹੀਂ ਹੈ, ਜਦ ਤੱਕ ਬਾਪ ਪੜ੍ਹਾ ਰਹੇ ਹਨ, ਪੜ੍ਹਦੇ ਰਹਿਣਾ ਹੈ।

ਗੀਤ:- ਬਨਵਾਰੀ ਰੇ ਜੀਨੇ ਕਾ ਸਹਾਰਾ ਤੇਰਾ ਨਾਮ...

ਓਮ ਸ਼ਾਂਤੀ। ਇਹ ਕਿਸ ਨੇ ਕਿਹਾ? ਕਿਸ ਨੇ ਫਰਮਾਇਆ ਅਤੇ ਕਿਸ ਨੂੰ? ਇਹ ਤਾਂ ਤੁਸੀਂ ਬੱਚੇ ਹੀ ਜਾਣਦੇ ਹੋ, ਜਿਨ੍ਹਾਂ ਨੂੰ ਹੀ ਗੋਪ - ਗੋਪੀਆਂ ਕਿਹਾ ਜਾਂਦਾ ਹੈ। ਤਾਂ ਉਨ੍ਹਾਂ ਨੇ ਆਪਣੇ ਬਾਪ ਗੋਪੀਵੱਲਭ ਨੂੰ ਯਾਦ ਕੀਤਾ। ਅਜਿਹਾ ਬਾਪ ਸਿਵਾਏ ਪਰਮਪਿਤਾ ਪਰਮਾਤਮਾ ਦੇ ਕੋਈ ਹੋ ਨਹੀਂ ਸਕਦਾ। ਤਾਂ ਯਾਦ ਉਨ੍ਹਾਂਨੂੰ ਕਰਦੇ ਹਨ ਜੋ ਹੋਕੇ ਜਾਂਦੇ ਹਨ। ਉਨ੍ਹਾਂ ਦਾ ਫਿਰ ਬਾਅਦ ਵਿਚ ਗਾਇਨ ਹੁੰਦਾ ਹੈ। ਮਿਸਾਲ - ਜਿਵੇਂ ਕ੍ਰਾਈਸਟ ਆਇਆ - ਕ੍ਰਿਸ਼ਚਨ ਧਰਮ ਸਥਾਪਨ ਕਰਕੇ ਕਿਤੇ ਚਲਾ ਨਹੀਂ ਗਿਆ, ਉਨ੍ਹਾਂ ਨੂੰ ਪਾਲਣਾ ਤੇ ਜਰੂਰ ਕਰਨੀ ਹੈ, ਪੁਨਰਜਨਮ ਵਿੱਚ ਆਉਣਾ ਹੈ। ਪ੍ਰੰਤੂ ਜੋ ਧਰਮ ਸਥਾਪਨ ਕਰਕੇ ਗਏ ਹਨ ਉਨ੍ਹਾਂ ਦਾ ਵਰ੍ਹੇ - ਵਰ੍ਹੇ ਬਰਥ ਡੇ ਮਨਾਉਂਦੇ ਹਨ। ਭਗਤੀ ਮਾਰਗ ਵਿੱਚ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਉਵੇਂ ਹੀ ਅੱਜਕਲ ਦੁਸਹਿਰੇ ਦਾ ਵੀ ਉੱਤਸਵ ਮਨਾਉਂਦੇ ਹਨ। ਮਨਾਉਣਾ ਹੁੰਦਾ ਹੈ ਤਾਂ ਜਰੂਰ ਸ਼ੁਭ ਹੀ ਹੋਵੇਗਾ। ਕੋਈ ਚੰਗਾ ਕਰਕੇ ਜਾਂਦੇ ਹਨ ਤਾਂ ਉਨ੍ਹਾਂ ਦਾ ਉਤਸਵ ਮਨਾਇਆ ਜਾਂਦਾ ਹੈ। ਦੀਪਮਾਲਾ ਦਾ ਵੀ ਉੱਤਸਵ ਮਨਾਇਆ ਜਾਂਦਾ ਹੈ। ਸ਼੍ਰੀਕ੍ਰਿਸ਼ਨ ਜਯੰਤੀ ਮਨਾਈ ਜਾਂਦੀ ਹੈ। ਜੋ ਹੋਕੇ ਜਾਂਦੇ ਹਨ ਉਨ੍ਹਾਂ ਦਾ ਫਿਰ ਉੱਤਸਵ ਮਨਾਉਂਦੇ ਹਨ। ਹੁਣ ਭਾਰਤਵਾਸੀਆਂ ਨੂੰ ਤੇ ਇਹ ਪਤਾ ਹੈ ਨਹੀਂ ਕਿ ਇਹ ਰਾਖੀ ਉੱਤਸਵ ਆਦਿ ਕਿਓਂ ਮਨਾਉਂਦੇ ਹਨ। ਕੀ ਹੋਇਆ ਸੀ? ਕਰਾਈਸਟ - ਬੁੱਧ ਆਦਿ ਨੂੰ ਜਾਣਦੇ ਹਨ ਕਿ ਇਹ ਧਰਮ ਸਥਾਪਨ ਕਰਨ ਆਏ ਸਨ। ਇਸ ਸਮੇਂ ਸਾਰੇ ਆਸੁਰੀ ਸੰਪ੍ਰਦਾਇ ਹੈ। ਤੁਸੀਂ ਹੋ ਈਸ਼ਵਰੀ ਸੰਪਦਾਇ। ਹੁਣ ਬਾਪ ਰਾਮ ਆਕੇ ਦੈਵੀ ਸ਼੍ਰੇਸ਼ਠਾਚਾਰੀ ਬਣਾ ਰਹੇ ਹਨ ਜਾਂ ਇਵੇਂ ਕਹੀਏ ਕਿ ਪਰਮਪਿਤਾ ਪਰਮਾਤਮਾ ਆਕੇ ਸਵਰਗ ਦਾ ਉਦਘਾਟਨ ਕਰ ਰਹੇ ਹਨ ਅਤੇ ਫਾਉਂਡੇਸ਼ਨ ਪਾ ਰਹੇ ਹਨ। ਓਪਨਿੰਗ ਸੈਰੇਮਨੀ ਵੀ ਕਹਿ ਸਕਦੇ ਹਾਂ। ਭਾਰਤ ਵਿਚ ਸ਼੍ਰੇਸ਼ਠਾਚਾਰੀ ਮਹਾਰਾਜਾ - ਮਹਾਰਾਣੀ ਹੋਕੇ ਗਏ ਹਨ, ਸਤਿਯੁਗੀ ਦੇਵੀ - ਦੇਵਤੇ ਡਬਲ - ਸਿਰਤਾਜ ਸਨ। ਪਵਿੱਤ੍ਰਤਾ ਦਾ ਤਾਜ ਵੀ ਸੀ ਅਤੇ ਰਤਨ ਜੜਿਤ ਤਾਜ ਵੀ ਸੀ। ਵਿਕਾਰੀ ਰਾਜਿਆਂ ਨੂੰ ਸਿਰਫ ਰਤਨਜੜਿਤ ਤਾਜ ਹੁੰਦਾ ਹੈ। ਡਬਲ ਤਾਜ ਵਾਲਿਆਂ ਦੀ ਸਿੰਗਲ ਤਾਜ ਵਾਲੇ ਪੂਜਾ ਕਰਦੇ ਹਨ। ਪ੍ਰੰਤੂ ਕਦੋਂ ਹੋਕੇ ਗਏ, ਕਿਵੇਂ ਰਾਜ ਪਾਇਆ ਇਹ ਕਿਸੇ ਨੂੰ ਪਤਾ ਨਹੀਂ ਹੈ। ਲਕਸ਼ਮੀ - ਨਾਰਾਇਣ ਇੰਨੇ ਚੰਗੇ ਸ਼੍ਰੇਸ਼ਠ ਡਬਲ ਸਿਰਤਾਜ ਦੇਵੀ - ਦੇਵਤੇ ਸਨ, ਉਨ੍ਹਾਂ ਨੂੰ ਅਜਿਹਾ ਸ਼੍ਰੇਸ਼ਠ ਬਨਾਉਣ ਵਾਲਾ ਕੌਣ, ਇਹ ਬਾਪ ਬੈਠ ਸਮਝਾਉਂਦੇ ਹਨ। ਹੁਣ ਦੁਸ਼ਹਿਰਾ ਮਨਾਉਂਦੇ ਹਨ, ਤੁਸੀਂ ਜਾਣਦੇ ਹੋ ਜੇਕਰ ਕੁਝ ਹੋਇਆ ਹੈ ਜਿਸ ਕਾਰਣ ਦੁਸ਼ਹਿਰਾ ਮਨਾਉਂਦੇ ਹਨ, ਰਾਵਣ ਨੂੰ ਸਾੜਦੇ ਹਨ, ਪਰ ਉਹ ਸੜਨ ਦੀ ਚੀਜ ਹੈ ਨਹੀਂ। ਹੁਣ ਉਨ੍ਹਾਂ ਦਾ ਰਾਜ ਪੂਰਾ ਹੁੰਦਾ ਹੈ। ਜਦੋਂ ਤੱਕ ਰਾਮਰਾਜ ਸਥਾਪਨ ਹੋ ਜਾਵੇ ਉਦੋਂ ਤੱਕ ਇਹ ਭ੍ਰਿਸ਼ਟਾਚਾਰੀ ਰਾਜ ਚਲਣਾ ਹੈ। ਰਾਵਣ ਰਾਜ ਖਤਮ ਹੋ ਰਾਮਰਾਜ ਸਥਾਪਨ ਹੋਇਆ ਸੀ, ਉਸ ਦੀ ਸੇਰੇਮਨੀ ਮਨਾਉਂਦੇ ਰਹਿੰਦੇ ਹਨ। ਰਾਵਣ ਨੂੰ ਸਾੜਦੇ ਹਨ, ਇਸ ਤੋਂ ਸਿੱਧ ਕਰਦੇ ਹਨ ਬਰੋਬਰ ਭ੍ਰਸ਼ਟਾਚਾਰੀ ਆਸੁਰੀ ਰਾਜ ਹੈ। ਭ੍ਰਸ਼ਟਾਚਾਰ ਦੀ ਵੀ ਗਰੇਡਜ਼ ਰਹਿੰਦੀ ਹੈ। ਭ੍ਰਸ਼ਟਾਚਾਰ ਦਵਾਪਰ ਤੋਂ ਸ਼ੁਰੂ ਹੁੰਦਾ ਹੈ। ਪਹਿਲੇ ਦੋ ਕਲਾ ਭ੍ਰਸ਼ਟਾਚਾਰ ਰਹਿੰਦਾ ਹੈ ਫਿਰ 4 ਕਲਾ, ਫਿਰ 8 ਕਲਾ, 10 - ਕਲਾ ਫਿਰ ਵਧਦਾ - ਵਧਦਾ - 16 ਕਲਾ ਭ੍ਰਸ਼ਟਾਚਾਰ ਹੋ ਗਿਆ ਹੈ। ਹੁਣ ਫਿਰ 16 ਕਲਾ ਭ੍ਰਸ਼ਟਾਚਾਰ ਨੂੰ ਬਦਲਕੇ 16 ਕਲਾ ਸ਼੍ਰੇਸ਼ਠਾਚਾਰੀ ਬਨਾਉਣਾ ਇੱਕ ਬਾਪ ਦਾ ਹੀ ਕੰਮ ਹੈ।

ਬਾਪ ਸਮਝਾਉਂਦੇ ਹਨ ਇਸ ਵੇਲੇ ਰਾਵਣ ਰਾਜ ਹੈ, ਰਾਮਰਾਜ ਸ਼੍ਰੇਸ਼ਠ ਰਾਜ ਸੀ। ਹੁਣ ਉਹ ਭ੍ਰਸ਼ਟ ਬਣ ਗਏ ਹਨ। ਸ਼੍ਰੇਸ਼ਠਾਚਾਰੀ ਭਾਰਤ ਨੂੰ ਸਵਰਗ ਕਿਹਾ ਜਾਂਦਾ ਹੈ। ਉਹ ਰਾਜ ਹੀ ਹੁਣ ਭ੍ਰਸ਼ਟਾਚਾਰੀ ਹੋ ਗਿਆ ਹੈ। ਹੁਣ ਬਾਪ ਕਹਿੰਦੇ ਹਨ ਹੁਣ ਮੈਂ ਆਇਆ ਹਾਂ ਭ੍ਰਸ਼ਟਾਚਾਰੀ ਰਾਜ ਨੂੰ ਸ਼੍ਰੇਸ਼ਠਾਚਾਰੀ ਰਾਜ ਬਣਾਉਣ ਦੇ ਲਈ। ਯਾਦਵ ਕੁਲ ਵੀ ਹੈ, ਕੌਰਵ ਕੁਲ ਵੀ ਹੈ। ਯਾਦਵ ਕੁਲ ਵਿੱਚ ਵੀ ਅਨੇਕ ਧਰਮ ਹਨ। ਜੋ ਸ਼੍ਰੇਸ਼ਠਾਚਾਰੀ ਦੈਵੀ ਧਰਮ ਦੇ ਸਨ ਉਹ ਧਰਮ ਭ੍ਰਸ਼ਟ, ਕਰਮ ਭ੍ਰਸ਼ਟ ਬਣੇ ਪਏ ਹਨ। ਫਿਰ ਬਾਪ ਸ਼੍ਰੇਸ਼ਠ ਕਰਮ ਸਿਖਾਉਂਦੇ ਹਨ। ਭਗਤੀ ਮਾਰਗ ਵਿੱਚ ਉੱਤਸਵ ਮਨਾਉਂਦੇ ਆਏ ਹਨ। ਜਰੂਰ ਭਗਵਾਨ ਆਇਆ ਸੀ, ਪੰਜ ਹਜਾਰ ਵਰ੍ਹੇ ਦੀ ਗੱਲ ਹੈ। ਬਾਪ ਨੇ ਆਕੇ ਭ੍ਰਿਸ਼ਟਾਚਾਰੀ ਤੋਂ ਸ਼੍ਰੇਸ਼ਠਾਚਾਰੀ ਬਣਾਇਆ ਸੀ। ਸਾਰੀ ਦੁਨੀਆ ਨੂੰ ਸ਼੍ਰੇਸ਼ਠਾਚਾਰੀ ਬਨਾਉਣਾ ਬਾਪ ਦਾ ਹੀ ਕੰਮ ਹੈ, ਫਿਰ ਉਨ੍ਹਾਂ ਦੀ ਪਾਲਣਾ ਕਰਨ ਦੇ ਲਈ ਤੁਹਾਨੂੰ ਉੱਪਰ ਤੋਂ ਭੇਜ ਦਿੰਦੇ ਹਨ। ਤੁਸੀਂ ਜੋ ਦੈਵੀਧਰਮ ਦੀ ਸਥਾਪਨਾ ਕੀਤੀ ਹੈ, ਉਸਦੀ ਫਿਰ ਜਾਕੇ ਪਾਲਣਾ ਕਰੋ। ਇਵੇਂ ਕੋਈ ਕਹਿੰਦੇ ਨਹੀਂ, ਆਟੋਮੈਟਿਕਲੀ ਇਹ ਡਰਾਮੇ ਅਨੁਸਾਰ ਹੁੰਦਾ ਹੈ। ਤੁਸੀਂ ਸ਼੍ਰੇਸ਼ਠਾਚਾਰੀ ਬਣ ਜਾਵੋਗੇ ਫਿਰ

ਸ੍ਰਿਸ਼ਟੀ ਵੀ ਸਤੋਪ੍ਰਧਾਨ

ਸ੍ਰੇਸ਼ਠਾਚਾਰੀ ਬਣ ਜਾਵੇਗੀ। ਹਾਲੇ ਤਾਂ ਪੰਜ ਤੱਤ ਵੀ ਤਮੋਪ੍ਰਧਾਨ ਹਨ। ਕਿੰਨੀ ਉਥਲ - ਪੁਥਲ ਹੁੰਦੀ ਰਹਿੰਦੀ ਹੈ। ਮਨੁੱਖ ਕਿੰਨੇ ਦੁੱਖ ਹੁੰਦੇ ਹਨ। ਕਰੋੜਾਂ ਦਾ ਨੁਕਸਾਨ ਹੋ ਜਾਂਦਾ ਹੈ। ਸਤਿਯੁਗ ਵਿੱਚ ਇਹ ਕੋਈ ਵੀ ਉਪਦ੍ਰਵ ਨਹੀਂ ਹੁੰਦੇ। ਉਪਦ੍ਰਵ ਹੁੰਦੇ ਹਨ ਨਰਕ ਵਿਚ। ਉਪਦ੍ਰਵ ਵੀ ਪਹਿਲੇ ਦੋ ਕਲਾ ਵਾਲੇ ਸਨ, ਹੁਣ 16 ਕਲਾ ਵਾਲੇ ਬਣ ਗਏ ਹਨ। ਇਹ ਸਭ ਡੀਟੇਲ ਵਿੱਚ ਸਮਝਾਉਣ ਵਾਲੀਆਂ ਗੱਲਾਂ ਹਨ ਅਤੇ ਹਨ ਬਹੁਤ ਸਹਿਜ, ਪ੍ਰੰਤੂ ਸਮਝਦੇ ਨਹੀਂ, ਨਾ ਸਮਝਾ ਸਕਦੇ ਹਨ। ਤਾਂ ਇਹ ਰਾਵਣ ਨੂੰ ਸਾੜਨਾ ਦਵਾਪਰ ਤੋਂ ਸ਼ੁਰੂ ਹੁੰਦਾ ਹੈ। ਇਵੇਂ ਥੋੜੀ ਨਾ ਕਹਾਂਗੇ ਕਿ ਪੰਜ ਹਜਾਰ ਵਰ੍ਹੇ ਹੋਏ। ਭਗਤੀ ਮਾਰਗ ਸ਼ੁਰੂ ਹੁੰਦਾ ਹੈ ਤਾਂ ਇਹ ਉਪਦ੍ਰਵ ਵੀ ਸ਼ੁਰੂ ਹੁੰਦੇ ਹਨ। ਹੁਣ ਫਿਰ ਰਾਵਣ ਰਾਜਦਾ ਵਿਨਾਸ਼, ਰਾਮਰਾਜ ਦੀ ਸਥਾਪਨਾ ਕਿਵੇਂ ਹੁੰਦੀ ਹੈ ਸੋ ਤੁਸੀਂ ਜਾਣਦੇ ਹੋ। ਮਨੁੱਖ ਨਹੀਂ ਜਾਣਦੇ ਕਿ ਰਾਵਣ ਕੀ ਹੈ। ਬਾਪ ਕਹਿੰਦੇ ਹਨ ਲੰਕਾ ਤੇ ਕੋਈ ਸੀ ਨਹੀਂ। ਸਤਿਯੁਗ ਵਿੱਚ ਲੰਕਾ ਹੁੰਦੀ ਨਹੀਂ। ਬਹੁਤ ਥੋੜੇ ਮਨੁੱਖ ਹੁੰਦੇ ਹਨ। ਜਮੁਨਾ ਦਾ ਕੰਠਾ ਹੈ। ਅਜਮੇਰ ਵਿੱਚ ਬੈਕੁੰਠ ਦਾ ਮਾਡਲ ਵੀ ਵਿਖਾਉਂਦੇ ਹਨ। ਪ੍ਰੰਤੂ ਸਮਝਦੇ ਨਹੀਂ। ਸੋਨੇ ਦੇ ਮਹਿਲ ਆਦਿ ਬਨਾਉਣ ਵਿਚ ਉੱਥੇ ਕੋਈ ਦੇਰ ਨਹੀਂ ਲਗਦੀ ਹੈ। ਮਸ਼ੀਨਰੀ ਤੇ ਝੱਟ ਗਲਾ ਕੇ ਟਾਇਲਜ ਬਣਾਉਂਦੇ ਹਨ।

ਤੁਸੀਂ ਬੱਚੇ ਜਾਣਦੇ ਹੋ ਇਹ ਜੋ ਸਾਇੰਸ ਹੈ, ਜਿਸ ਨਾਲ ਵਿਨਾਸ਼ ਹੁੰਦਾ ਹੈ, ਉਹ ਹੀ ਫਿਰ ਤੁਹਾਨੂੰ ਉੱਥੇ ਕੰਮ ਵਿੱਚ ਆਵੇਗੀ। ਹਾਲੇ ਇਹ ਐਰੋਪਲੈਨ ਆਦਿ ਬੜੀ ਖੁਸ਼ੀ ਦੇ ਲਈ ਬਣਾਉਂਦੇ ਹਨ, ਉਨ੍ਹਾਂ ਨਾਲ ਹੀ ਵਿਨਾਸ਼ ਕਰਨਗੇ। ਤਾਂ ਇਹ ਐਰੋਪਲੇਨ ਸੁਖ ਦੇ ਲਈ ਵੀ ਹਨ ਤਾਂ ਦੁੱਖ ਦੇ ਲਈ ਵੀ ਹਨ। ਅਲਪਕਾਲ ਸੁਖ ਹੈ। 100 ਵਰ੍ਹੇ ਦੇ ਅੰਦਰ ਸਭ ਚੀਜ਼ਾਂ ਨਿਕਲੀਆਂ ਹਨ। ਤਾਂ 100 ਵਰ੍ਹੇ ਦੇ ਅੰਦਰ ਇੰਨਾਂ ਸਭ ਹੋਇਆ ਹੈ। ਤਾਂ ਤੁਸੀਂ ਵਿਚਾਰ ਕਰੋ ਜਦੋਂ ਵਿਨਾਸ਼ ਹੋਵੇਗਾ ਫਿਰ ਨਵੀਂ ਦੁਨੀਆ ਵਿਚ ਕਿੰਨੇ ਥੋੜੇ ਸਮੇਂ ਵਿੱਚ ਸਭ ਚੀਜ਼ਾਂ ਬਣ ਜਾਣਗੀਆਂ। ਉੱਥੇ ਤਾਂ ਝੱਟ ਸੋਨੇ ਦੇ ਮਹਿਲ ਬਣ ਜਾਂਦੇ ਹਨ। ਭਾਰਤ ਵਿਚ ਸੋਨੇ ਚਾਂਦੀ ਦੇ ਕਿੰਨੇ ਮਹਿਲ ਜੜਿਤ ਤੋਂ ਜੜੇ ਹੋਏ ਬਣਦੇ ਹਨ। ਉੱਥੇ ਦਰਬਾਰ ਵੱਡੀ ਬਣਦੀ ਹੈ। ਰਾਜੇ ਰਜਵਾੜੇ ਆਪਸ ਵਿੱਚ ਮਿਲਦੇ ਹੋਣਗੇ। ਉਸ ਨੂੰ ਪਾਂਡਵ ਸਭਾ ਨਹੀਂ ਕਹਾਂਗੇ। ਉਸਨੂੰ ਕਹਾਂਗੇ ਲਕਸ਼ਮੀ - ਨਾਰਾਇਣ ਦੇ ਰਾਜਧਾਨੀ ਦੀ ਸਭਾ। ਪ੍ਰਿੰਸ - ਪ੍ਰਿੰਸਿਜ ਸਭ ਆਕੇ ਬੈਠਦੇ ਹਨ। ਬ੍ਰਿਟਿਸ਼ ਗੌਰਮਿੰਟ ਸੀ ਤਾਂ ਪ੍ਰਿੰਸ - ਪ੍ਰਿੰਸੀਜ ਮਹਾਰਾਜਿਆਂ ਦੀ ਵੱਡੀ ਸਭਾ ਲਗਦੀ ਸੀ। ਸਭ ਤਾਜ ਲਗਾਕੇ ਬੈਠਦੇ ਸਨ। ਨੇਪਾਲ ਵਿੱਚ ਬਾਬਾ ਜਾਂਦੇ ਸਨ ਤਾਂ ਉਥੇ ਰਾਣਾ ਫੈਮਲੀ ਦੀ ਸਭਾ ਲਗਦੀ ਸੀ। ਵੱਡੇ ਤਾਜ ਵਾਲੇ ਰਾਣੇ ਬੈਠਦੇ ਸਨ। ਉਨ੍ਹਾਂ ਨੂੰ ਮਹਾਰਾਜਾ - ਮਹਾਰਾਣੀ ਕਹਿੰਦੇ ਸਨ, ਫਿਰ ਉਨ੍ਹਾਂ ਵਿੱਚ ਵੀ ਨੰਬਰਵਾਰ ਹੁੰਦੇ ਸਨ। ਰਾਣੀਆਂ ਨਹੀਂ ਬੈਠਦੀਆਂ ਹਨ। ਉਹ ਪਰਦਾਨਸ਼ੀਨ ਹੁੰਦੀਆਂ ਹਨ। ਬੜੇ ਭਭਕੇ ਨਾਲ ਬੈਠਦੇ ਹਨ। ਅਸੀ ਕਹਿੰਦੇ ਸੀ ਇਹ ਤਾਂ ਪਾਂਡਵ ਰਾਜ ਹੈ। ਉਹ ਆਪਣੇ ਆਪ ਨੂੰ ਕਹਿੰਦੇ ਵੀ ਸੂਰਜਵੰਸ਼ੀ ਹਨ। ਇੱਥੇ ਸਨ ਪ੍ਰੰਤੂ ਸਿੰਗਲ ਤਾਜ ਵਾਲੇ। ਉਸ ਤੋਂ ਪਹਿਲਾਂ ਡਬਲ ਸਿਰਤਾਜ ਸਨ। ਸ਼੍ਰੀਕ੍ਰਿਸ਼ਨ ਦੇ ਲਈ ਕਈ ਗੱਲਾਂ ਲਿਖ ਦਿੱਤੀਆਂ ਹਨ - ਫਲਾਣੀ ਨੂੰ ਭਜਾਇਆ, ਇਹ ਕੀਤਾ। ਪਰ ਅਜਿਹੀ ਗੱਲ ਤੇ ਹੈ ਨਹੀਂ।

ਜੋ ਉੱਤਸਵ ਪਾਸਟ ਹੋ ਜਾਂਦੇ ਹਨ ਉਹ ਫਿਰ ਮਨਾਉਂਦੇ ਆਉਂਦੇ ਹਨ। ਇਹ ਵੀ ਉੱਤਸਵ ਮਨਾਉਂਦੇ ਹਨ। ਜਦਕਿ ਰਾਵਣ ਰਾਜ ਨੂੰ ਖਲਾਸ ਕਰ ਰਾਮਰਾਜ ਦੀ ਸਥਾਪਨਾ ਕੀਤੀ, ਇਹ ਤਾਂ ਵਰ੍ਹੇ - ਵਰ੍ਹੇ ਮਨਾਉਂਦੇ ਹਨ। ਤਾਂ ਸਿੱਧ ਹੁੰਦਾ ਹੈ ਆਸੁਰੀ ਰਾਵਣ ਰਾਜ ਪੰਜ ਹਜਾਰ ਸਾਲ ਪਹਿਲੇ ਵੀ ਸੀ। ਬਾਪ ਆਇਆ ਸੀ, ਆਕੇ ਰਾਵਣ ਰਾਜ ਦਾ ਵਿਨਾਸ਼ ਕਰਵਾਇਆ ਸੀ। ਉਹ ਹੀ ਮਹਾਭਾਰਤ ਲੜਾਈ ਖੜੀ ਹੈ। ਬਾਕੀ ਰਾਵਣ ਕੋਈ ਚੀਜ ਨਹੀਂ ਹੈ। ਰਾਵਣ ਦੀ ਇਸਤਰੀ ਮਦੋਦਰੀ ਵਿਖਾਉਂਦੇ ਹਨ। ਉਸ ਨੂੰ ਫਿਰ 10 ਸਿਰ ਨਹੀਂ ਵਿਖਾਉਂਦੇ ਹਨ। ਰਾਵਣ ਨੂੰ 10 ਸਿਰ ਵਿਖਾਉਂਦੇ ਹਨ। ਵਿਸ਼ਨੂੰ ਨੂੰ ਚਾਰ ਬਾਹਵਾਂ ਵਿਖਾਉਂਦੇ ਹਨ। ਦੋ ਲਕਸ਼ਮੀ ਦੀਆਂ, ਦੋ ਨਾਰਾਇਣ ਦੀਆਂ। ਉਵੇਂ ਰਾਵਣ ਨੂੰ 10 ਸਿਰ ਵਿਖਾਉਂਦੇ ਹਨ - ਪੰਜ ਵਿਕਾਰ ਉਨ੍ਹਾਂ ਦੇ, ਪੰਜ ਵਿਕਾਰ ਮੰਦੋਦਰੀ ਦੇ। ਵਿਸ਼ਨੂੰ ਚਤੁਰਭੁਜ ਵੀ ਅਰਥ ਸਹਿਤ ਵਿਖਾਇਆ ਹੈ। ਪੂਜਾ ਵੀ ਮਹਾਲਕਸ਼ਮੀ ਦੀ ਕਰਦੇ ਹਨ। ਮਹਾਲਕਸ਼ਮੀ ਨੂੰ ਕਦੇ ਦੋ ਬਾਹਵਾਂ ਵਾਲਾ ਨਹੀਂ ਵਿਖਾਉਣਗੇ। ਦੀਪਮਾਲਾ ਵਿਚ ਲਕਸ਼ਮੀ ਦਾ ਅਵਾਹਨ ਕਰਦੇ ਹਨ। ਕਿਉਂ, ਨਾਰਾਇਣ ਨੇ ਕੋਈ ਗੁਨਾਹ ਕੀਤਾ ਕੀ? ਲਕਸ਼ਮੀ ਨੂੰ ਵੀ ਧਨ ਤੇ ਨਾਰਾਇਣ ਹੀ ਦਿੰਦਾ ਹੋਵੇਗਾ ਨਾ। ਹਾਫ ਪਾਰਟਨਰ ਹੋਣਗੇ। ਤਾਂ ਨਾਰਾਇਣ ਨੇ ਕੀ ਗੁਨਾਹ ਕੀਤਾ? ਅਸਲ ਵਿੱਚ ਧਨ ਕੋਈ ਲਕਸ਼ਮੀ ਤੋਂ ਨਹੀਂ ਮਿਲਦਾ, ਧਨ ਤੇ ਜਗਦੰਬਾ ਤੋਂ ਮਿਲਦਾ ਹੈ। ਤੁਸੀਂ ਜਾਣਦੇ ਹੋ ਜਗਤ ਅੰਬਾ ਸੋ ਫਿਰ ਲਕਸ਼ਮੀ ਬਣਦੀ ਹੈ। ਤਾਂ ਉਨ੍ਹਾਂ ਨੂੰ ਵੱਖ - ਵੱਖ ਕਰ ਦਿੱਤਾ ਹੈ। ਜਗਤ ਅੰਬਾ ਤੋਂ ਹਰ ਚੀਜ ਮੰਗਦੇ ਹਨ। ਕੋਈ ਵੀ ਦੁੱਖ ਹੋਵੇਗਾ, ਬੱਚਾ ਮਰ ਜਾਵੇਗਾ ਤਾਂ ਜਗਤ ਅੰਬਾ ਨੂੰ ਕਹਿਣਗੇ ਰੱਖਿਆ ਕਰੋ, ਬੱਚਾ ਦੋ, ਇਹ ਬਿਮਾਰੀ ਦੂਰ ਕਰੋ। ਬਹੁਤ ਕਾਮਨਾਵਾਂ ਰੱਖਦੇ ਹਨ। ਲਕਸ਼ਮੀ ਦੇ ਕੋਲ ਇੱਕ ਹੀ ਕਾਮਨਾ ਰੱਖਕੇ ਜਾਂਦੇ ਹਨ - ਧਨ ਦੀ। ਬਸ। ਜਗਤ ਅੰਬਾ ਸਭ ਕਾਮਨਾਵਾਂ ਪੂਰੀਆਂ ਕਰਨ ਵਾਲੀ ਹੈ। ਧਨਵਾਨ ਤਾਂ ਇਹ ਬਣਾਉਂਦੀ ਹੈ। ਇਸ ਵੇਲੇ ਤੁਹਾਡੀਆਂ ਸਭ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਕੋਈ ਧਨ ਨਹੀਂ ਦਿੰਦੇ ਹਨ, ਸਿਰਫ ਪੜ੍ਹਾਉਂਦੇ ਹਨ - ਜਿਸ ਨਾਲ ਤੁਸੀਂ ਕੀ ਤੋਂ ਕੀ ਬਣ ਜਾਂਦੇ ਹੋ ਅਤੇ ਫਿਰ ਲਕਸ਼ਮੀ ਬਣਦੀ ਹੋ ਤਾਂ ਧਨਵਾਨ ਬਣ ਜਾਂਦੀ ਹੋ। ਤਾਕਤ ਇਸ ਵੇਲੇ ਤੁਹਾਡੇ ਵਿਚ ਹੈ ਜੋ ਤੁਸੀਂ ਸਭ ਮਨੋਕਾਮਨਾਵਾਂ ਪੂਰੀਆਂ ਕਰ ਸਕਦੀ ਹੋ। ਜਗਤ ਅੰਬਾ ਦਾਨ ਦਿੰਦੀ ਹੈ, ਲਕਸ਼ਮੀ ਦਾਨ ਥੋੜ੍ਹੀ ਨਾ ਦਵੇਗੀ। ਉੱਥੇ ਦਾਨ ਦਿੰਦੇ ਨਹੀਂ। ਭੁੱਖ ਹੁੰਦੀ ਹੀ ਨਹੀਂ। ਕੰਗਾਲ ਕੋਈ ਹੁੰਦੇ ਨਹੀਂ। ਸਤਿਯੁਗ ਵਿੱਚ ਰਾਵਣ ਹੁੰਦਾ ਨਹੀਂ। ਇੱਥੇ ਰਾਵਣ ਨੂੰ ਸਾੜਦੇ ਹਨ। ਦੁਸ਼ਿਹਰੇ ਦੇ ਬਾਦ ਫਿਰ ਦੀਪਮਾਲਾ ਮਨਾਉਂਦੇ ਹਨ, ਖੁਸ਼ੀਆਂ ਮਨਾਉਂਦੇ ਹਨ ਕਿਉਂਕਿ ਰਾਵਣ ਰਾਜ ਵਿਨਾਸ਼ ਹੋ ਰਾਮਰਾਜ ਸਥਾਪਨ ਹੋਵੇਗਾ ਤਾਂ ਖੁਸ਼ੀਆਂ ਹੋਣਗੀਆਂ। ਘਰ - ਘਰ ਵਿਚ ਰੌਸ਼ਨੀ ਹੋ ਜਾਂਦੀ ਹੈ। ਤੁਹਾਡੀ ਆਤਮਾ ਵਿਚ ਰੌਸ਼ਨੀ ਆ ਜਾਂਦੀ ਹੈ। ਜੋ ਚੀਜ ਸੰਗਮ ਤੇ ਹੈ ਉਹ

ਸਤਿਯੁਗ ਵਿੱਚ ਨਹੀਂ ਹੋਵੇਗੀ। ਤੁਸੀਂ ਤ੍ਰਿਕਾਲਦਰ੍ਸ਼ੀ ਹੋ, ਉੱਥੇ ਤੇ ਤੁਸੀਂ ਪ੍ਰਾਲਬਧ ਭੋਗਦੇ ਹੋ। ਇਹ ਨਾਲ਼ੇਜ ਸਾਰੀ ਭੁੱਲ ਜਾਂਦੇ ਹੋ। ਸੰਗਮ ਤੇ ਹੈ ਹੀ ਸਥਾਪਨਾ ਅਤੇ ਵਿਨਾਸ਼। ਸਥਾਪਨਾ ਹੋ ਗਈ ਫਿਰ ਬਸ। ਇਹ ਸਭ ਉਤਸਵਾਂ ਆਦਿ ਦਾ ਤੁਹਾਨੂੰ ਹੀ ਗਿਆਨ ਹੈ। ਅਗਿਆਨੀ ਮਨੁੱਖ ਤਾਂ ਕੁਝ ਵੀ ਨਹੀਂ ਸਮਝਦੇ। ਬੜੇ ਬਖੇੜੇ ਬਣਾ ਦਿੰਦੇ ਹਨ, ਹਨ। ਹੈ ਕੁਝ ਵੀ ਨਹੀਂ। ਤੁਸੀਂ ਪ੍ਰੈਕਟਿਕਲ ਵਿੱਚ ਦੇਖ ਰਹੇ ਹੋ ਸਤਿਯੁਗ ਵਿੱਚ ਇਹ ਗੱਲਾਂ ਨਹੀਂ ਹੁੰਦੀਆਂ ਹਨ। ਨਾਰਦ ਦੀ ਵੀ ਗੱਲ ਸ਼ਾਸਤਰਾਂ ਵਿੱਚ ਹੈ। ਤੁਹਾਨੂੰ ਵੀ ਪੁੱਛਿਆ ਜਾਂਦਾ ਹੈ - ਤੁਸੀਂ ਕਹਿੰਦੇ ਹੋ ਬਾਬਾ ਅਸੀਂ ਲਕਸ਼ਮੀ ਨੂੰ ਵਰਾਂਗੇ ਜਾਂ ਨਾਰਾਇਣ ਨੂੰ ਵਰਾਂਗੇ। ਤਾਂ ਬਾਪ ਕਹਿੰਦੇ ਹਨ ਆਪਣੇ ਵਿੱਚ ਦੇਖੋ ਕੋਈ ਵਿਕਾਰ ਤੇ ਨਹੀਂ ਹੈ। ਜੇਕਰ ਕ੍ਰੋਧ ਆਦਿ ਹੋਵੇਗਾ ਤਾਂ ਕਿਵੇਂ ਵਰ ਸਕੋਗੇ? ਹਾਂ, ਹਾਲੇ ਸੰਪੂਰਨ ਤੇ ਕੋਈ ਬਣੇ ਨਹੀਂ ਹਨ। ਪ੍ਰੰਤੂ ਬਣਨਾ ਹੈ, ਇਨ੍ਹਾਂ ਭੂਤਾਂ ਨੂੰ ਭਜਾਉਣਾ ਹੈ ਤਾਂ ਹੀ ਇਨਾਂ ਮਰਤਬਾ ਪਾ ਸਕੋਗੇ? ਉਸਤਾਦ ਵੀ ਬੜਾ ਵਚਿੱਤਰ ਮਿਲਿਆ ਹੈ। ਬਾਪ ਤੇ ਸ੍ਰਵਗੁਣ ਸੰਪੰਨ, ਗਿਆਨ ਦਾ ਸਾਗਰ, ਆਨੰਦ ਦਾ ਸਾਗਰ ਹੈ ਤਾਂ ਜੋ ਆਕੇ ਬੱਚੇ ਬਣਦੇ ਹਨ ਉਨ੍ਹਾਂ ਨੂੰ ਵੀ ਸ੍ਰਵਗੁਣ ਸੰਪੰਨ, ਡਬਲ ਸਿਰਤਾਜ ਦੇਵਤਾ ਬਣਾਉਂਦੇ ਹਨ। ਬਰੋਬਰ ਤੁਸੀਂ ਬਣ ਰਹੇ ਹੋ। ਦੇਵਤਾਵਾਂ ਨੂੰ ਦੋਵੇਂ ਤਾਜ ਰਹਿੰਦੇ ਹਨ। ਤੁਸੀਂ ਆਏ ਹੋ ਬਾਪ ਤੋਂ ਵਰਸਾ ਲੈਣ। ਵਰਸਾ ਲੈਣਾ ਹੈ, ਪੜਨਾ ਹੈ। ਪੁਆਇੰਟਸ ਤਾਂ ਬਹੁਤ ਨਿਕਲਦੀਆਂ ਰਹਿੰਦੀਆਂ ਹਨ। ਜੇਕਰ ਪੜੋਗੇ ਨਹੀਂ ਤਾਂ ਹੋਰਾਂ ਨੂੰ ਕਿਵੇਂ ਸਮਝਾ ਸਕੋਗੇ? ਡਰਾਮਾ ਹੂਬਹੂ ਰਪੀਟ ਹੋ ਰਿਹਾ ਹੈ। ਇਹ ਨਾਲੇਜ਼ ਹੁਣ ਤੁਸੀ ਸਮਝਦੇ ਹੋ ਫਿਰ ਇਹ ਗੁੰਮ ਹੋ ਜਾਵੇਗੀ। ਇਹ ਜੋ ਲੰਕਾ ਆਦਿ ਵਿਖਾਉਂਦੇ ਹਨ, ਉਹ ਵੀ ਹੈ ਨਹੀਂ। ਰਾਵਣ ਦਾ ਜਨਮ ਕਦੋਂ ਹੋਇਆ? ਲਿਖਿਆ ਹੋਇਆ ਹੈ ਦਵਾਪਰ ਤੋਂ ਦੇਵਤੇ ਵਾਮ ਮਾਰਗ ਵਿੱਚ ਜਾਂਦੇ ਹਨ ਤਾਂ ਵਿਕਾਰੀ ਬਣਨਾ ਸ਼ੁਰੂ ਹੁੰਦੇ ਹਨ। ਭਗਤੀ ਵੀ ਪਹਿਲੇ ਅਵਿਭਚਾਰੀ ਸੀ ਫਿਰ ਵਿਭਚਾਰੀ ਬਣ ਜਾਂਦੀ ਹੈ। ਹੁਣ ਤਾਂ ਮਨੁੱਖ ਆਪਣੀ ਪੂਜਾ ਕਰਵਾਉਣ ਲੱਗ ਪਏ ਹਨ। ਬਾਪ ਕਹਿੰਦੇ ਹਨ ਮੈਂ ਆਉਂਦਾ ਹੀ ਹਾਂ ਭ੍ਰਿਸ਼ਟਾਚਾਰੀ ਦੁਨੀਆ ਦਾ ਵਿਨਾਸ਼ ਅਤੇ ਸ੍ਰੇਸ਼ਠਾਚਾਰੀ ਦੁਨੀਆ ਦੀ ਸਥਾਪਨਾ ਕਰਨ। ਜਰੂਰ ਪਹਿਲੇ ਸਥਾਪਨਾ ਕਰਨਗੇ ਫਿਰ ਵਿਨਾਸ਼ ਕਰਨਗੇ। ਇਹ ਸਾਡਾ ਪਾਰਟ ਕਲਪ - ਕਲਪ ਦਾ ਹੈ। ਭ੍ਰਸ਼ਟਾਚਾਰੀ ਤੋਂ ਸ੍ਰੇਸ਼ਠਾਚਾਰੀ ਬਨਾਉਣ ਵਿੱਚ ਵੀ ਟਾਇਮ ਲਗਦਾ ਹੈ। ਜਦੋਂ ਤੱਕ ਬਾਪ ਬੈਠ ਪੜਾ ਰਹੇ ਹਨ, ਪੜਨਾ ਹੈ। ਕਲਪ ਪਹਿਲੇ ਜਿਨ੍ਹਾਂ ਨੇ ਜਿੰਨਾਂ ਪੜਿਆ ਹੈ ਉਹ ਹੀ ਪੜਨਗੇ। ਬਹੁਤ ਬੱਚੇ ਚਲਦੇ - ਚਲਦੇ ਕਹਿੰਦੇ - ਬਸ, ਅਸੀਂ ਚੱਲ ਨਹੀਂ ਸਕਾਂਗੇ। ਅਰੇ, ਸਤੁਤੀ - ਨਿੰਦਾ, ਮਾਨ - ਅਪਮਾਨ ਇਹ ਤਾਂ ਸਭ ਹੋਵੇਗਾ। ਤੁਸੀਂ ਪੜਾਈ ਨੂੰ ਕਿਓਂ ਛੱਡਦੇ ਹੋ। ਸਭ ਤੋਂ ਜਿਆਦਾ ਨਿੰਦਾ ਤਾਂ ਸ਼੍ਰੀਕ੍ਰਿਸ਼ਨ ਦੀ ਹੋਈ ਹੈ। ਕਿੰਨੇ ਕਲੰਕ ਲਗਾਏ ਹਨ। ਫਿਰ ਅਜਿਹੇ ਕ੍ਰਿਸ਼ਨ ਨੂੰ ਪੂਜਦੇ ਕਿਓਂ ਹਨ? ਅਸਲ ਵਿੱਚ ਗਾਲੀ ਹੁਣ ਇਨ੍ਹਾਂ ਨੂੰ (ਬ੍ਰਹਮਾ ਨੂੰ ) ਮਿਲਦੀ ਹੈ। ਸਾਰੇ ਸਿੰਧ ਵਿਚ ਨਿੰਦਾ ਹੋਈ ਫਿਰ ਕਰ ਤੇ ਕੁਝ ਵੀ ਨਹੀਂ ਸਕੇ। ਇਹ ਵੀ ਸਭ ਖੇਲ ਹੈ। ਨਵੀਂ ਗੱਲ ਨਹੀਂ, ਕਲਪ ਪਹਿਲੇ ਵੀ ਗਾਲੀ ਖਾਈ ਸੀ, ਨਦੀ ਪਾਰ ਕੀਤੀ ਸੀ। ਤੁਸੀਂ ਸਿੰਧ ਤੋਂ ਨਿਕਲ ਇਸ ਪਾਰ ਚਲੇ ਆਏ ਨਾ। ਸ਼੍ਰੀਕ੍ਰਿਸ਼ਨ ਤੇ ਨਹੀਂ ਸਨ, ਇਹ ਦਾਦਾ ਆਉਂਦਾ - ਜਾਂਦਾ ਸੀ। ਤੁਸੀਂ ਜਾਣਦੇ ਹੋ ਹੁਣ ਅਸੀਂ ਰਾਜ ਪਾਉਂਦੇ ਹਾਂ ਫਿਰ ਗਵਾਉਂਦੇ ਹਾਂ। ਇਹ ਵੀ ਖੇਲ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਸ੍ਰਵ ਦੀਆਂ ਮਨੋਕਾਮਨਾਵਾਂ ਪੂਰਨ ਕਰਨ ਵਾਲੇ ਕਾਮਧੇਨੁ ( ਜਗਦੰਬਾ ) ਬਣਨਾ ਹੈ। ਦਾਨ ਦਿੰਦੇ ਰਹਿਣਾ ਹੈ।

**2.** ਸਤੁਤੀ ਨਿੰਦਾ ਵਿੱਚ ਸਥਿਤੀ ਸਮਾਨ ਰੱਖਣੀ ਹੈ। ਇਹ ਸਭ ਹੁੰਦੇ ਪੜਾਈ ਨਹੀਂ ਛੱਡਣੀ ਹੈ। ਇਸ ਨੂੰ ਖੇਲ ਸਮਝ ਪਾਰ ਕਰਨਾ ਹੈ।

ਵਰਦਾਨ:- ਆਪਣੇ ਸ਼ਕਤੀ ਸਵਰੂਪ ਦਵਾਰਾ ਅਲੌਕਿਕਤਾ ਦਾ ਅਨੁਭਵ ਕਰਾਉਣ ਵਾਲੇ ਜਵਾਲਾ ਰੂਪ ਭਵ।

ਹਾਲੇ ਤੱਕ ਬਾਪ ਸ਼ਮਾ ਦੀ ਆਕਰਸ਼ਣ ਹੈ, ਬਾਪ ਦਾ ਕ੍ਰਤਵਿਆ ਚਲ ਰਿਹਾ ਹੈ, ਬੱਚਿਆਂ ਦਾ ਕ੍ਰਤਵਿਆ ਗੁਪਤ ਹੈ। ਲੇਕਿਨ ਜਦੋਂ ਤੁਸੀਂ ਆਪਣੇ ਸ਼ਕਤੀ ਸਵਰੂਪ ਵਿੱਚ ਸਥਿਤ ਹੋਵੋਗੇ ਤਾਂ ਸੰਪਰਕ ਵਿਚ ਆਉਣ ਵਾਲੀਆਂ ਆਤਮਾਵਾਂ ਅਲੌਕਿਕਤਾ ਦਾ ਅਨੁਭਵ ਕਰਨਗੀਆਂ। ਅੱਛਾ - ਅੱਛਾ ਕਹਿਣ ਵਾਲਿਆਂ ਨੂੰ ਅੱਛਾ ਬਣਨ ਦੀ ਪ੍ਰੇਰਨਾ ਤਾਂ ਮਿਲੇਗੀ ਜਦ ਸੰਗਠਿਤ ਰੂਪ ਵਿਚ ਤੁਸੀਂ ਜਵਾਲਾ ਸਵਰੂਪ, ਲਾਈਟ ਹਾਊਸ ਬਣੋਗੇ। ਮਾਸਟਰ ਸਰਵਸ਼ਕਤੀਮਾਨ ਦੀ ਸਟੇਜ, ਸਟੇਜ ਤੇ ਆ ਜਾਣ ਤਾਂ ਸਭ ਤੁਹਾਡੇ ਅੱਗੇ ਪਰਵਾਨੇ ਸਮਾਨ ਚਕ੍ਰ ਲਗਾਉਣ ਲੱਗ ਜਾਣਗੇ।

ਸਲੋਗਨ:- ਆਪਣੀਆਂ ਕ੍ਰਮਿੰਦਿਰੀਆਂ ਨੂੰ ਯੋਗ ਅਗਨੀ ਵਿੱਚ ਤਪਾਉਣ ਵਾਲੇ ਹੀ ਸੰਪੂਰਨ ਪਾਵਨ ਬਣਦੇ ਹਨ।

******